ਤੇਜ਼ ਤੱਥ 5
ਕੈਲੀਫੋਰਨੀਆ ਡਰਾਈਵਰ ਲਾਈਸੈਂਸ ਲਈ ਜ਼ਰੂਰਤਾਂ

ਕੈਲੀਫੋਰਨੀਆ ਡਰਾਈਵਰ ਲਾਈਸੈਂਸ (DL) ਕੀ ਹੈ?
ਕੈਲੀਫੋਰਨੀਆ ਡਰਾਈਵਰ ਲਾਈਸੈਂਸ ਇਕ ਕਾਰਡ ਹੈ ਜੋ ਕਿਸੇ ਵਿਅਕਤੀ ਨੂੰ ਮੋਟਰ ਵਾਹਨ ਚਲਾਉਣ ਦੀ ਆਗਿਆ ਦਿੰਦਾ ਹੈ। ਡਰਾਈਵਰ ਲਾਈਸੈਂਸ ਵਿਚ ਤੁਹਾਡਾ ਅਸਲੀ ਪੂਰਾ ਨਾਮ, ਜਨਮ ਤਾਰੀਖ, ਡਾਕ ਪਤਾ, ਦਸਤਖਤ, ਫ਼ੋਟੋ ਅਤੇ ਸਰੀਰਿਕ ਵੇਰਵਾ ਹੁੰਦਾ ਹੈ। ਇਹ ਕਾਰਡ ਮੋਟਰ ਵਾਹਨ ਚਲਾਉਣ ਦੇ ਹਰ ਸਮੇਂ ਤੁਹਾਡੇ ਕੋਲ ਹੋਣਾ ਚਾਹੀਦਾ ਹੈ। ਤੁਸੀ ਡਰਾਈਵਰ ਲਾਈਸੈਂਸ ਦੇ ਲਈ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ (Department of Motor Vehicles, DMV) ਦੇ ਖੇਤਰੀ ਦਫ਼ਤਰ ਵਿਖੇ ਅਰਜ਼ੀ ਦੇ ਸਕਦੇ ਹੋ। ਨਵੇਂ, ਮੁੜ ਨਵਿਆਏ ਗਏ ਅਤੇ ਡੁਪਲੀਕੇਟ ਡਰਾਈਵਰ ਲਾਈਸੈਂਸ ਦੇ ਲਈ ਇਕ ਅਰਜ਼ੀ ਦੇਣ ਦੀ ਫੀਸ ਲਈ ਜਾਂਦੀ ਹੈ।

ਡਰਾਈਵਰ ਲਾਈਸੈਂਸ ਦੀਆਂ ਕਿਸਮਾਂ ਕਿਹੜੀਆਂ ਹਨ?
ਜੇ ਤੁਸੀ ਕੈਲੀਫੋਰਨੀਆ ਵਿਚ ਯਾਤਰਾ ਕਰ ਰਹੇ ਹੋ, 18 ਸਾਲ ਤੋਂ ਜ਼ਿਆਦਾ ਉਮਰ ਦੇ ਹੋ ਅਤੇ ਤੁਹਾਡੇ ਕੋਲ ਤੁਹਾਡੇ ਗਰੁਹਿ ਰਾਜ ਜਾਂ ਦੇਸ਼ ਦਾ ਵੈਧ ਡਰਾਈਵਰ ਲਾਈਸੈਂਸ ਹੈ ਤਾਂ ਤੁਸੀ ਉਸ ਸਮੇਂ ਤੱਕ ਇਸ ਰਾਜ ਵਿਚ, ਕੈਲੀਫੋਰਨੀਆ ਦਾ ਡਰਾਈਵਰ ਲਾਈਸੈਂਸ ਪਰਾਪਤ ਕੀਤੇ ਬਿਨਾਂ ਵਾਹਨ ਚਲਾ ਸਕਦੇ ਹੋ ਜਦੋਂ ਤੱਕ ਤੁਹਾਡੇ ਗਰੁਹਿ ਰਾਜ ਦਾ ਡਰਾਈਵਰ ਲਾਈਸੈਂਸ ਵੈਧ ਰਹਿੰਦਾ ਹੈ।

ਜੇ ਤੁਸੀ ਕੈਲੀਫੋਰਨੀਆ ਦੇ ਰਿਹਾਇਸ਼ੀ ਬਣ ਜਾਂਦੇ ਹੋ, ਤਾਂ ਤੁਹਾਨੂੰ 10 ਦਿਨਾਂ ਦੇ ਅੰਦਰ ਕੈਲੀਫੋਰਨੀਆ ਡਰਾਈਵਰ ਲਾਈਸੈਂਸ ਪਰਾਪਤ ਕਰਨਾ ਚਾਹੀਦਾ ਹੈ। ਰਿਹਾਇਸ਼, ਕੈਲੀਫੋਰਨੀਆ ਦੀਆਂ ਚੋਣਾਂ ਵਿਚ ਵੋਟ ਪਾਉਣ, ਰਿਹਾਇਸ਼ੀ ਟਿਊਸ਼ਨ ਫੀਸ ਦੇਣ, ਘਰ ਦੇ ਮਾਲਕ ਨੂੰ ਮਿਲਣ ਵਾਲੀਆਂ ਸੰਪਤੀ ਕਰ ਦੀਆਂ ਛੋਟਾਂ ਲਈ ਦਰਖਾਸਤ ਦੇਣ ਵਾਸਤੇ, ਜਾਂ ਕਿਸੇ ਹੋਰ ਤਰਹ੍ਾਂ ਦੀ ਸੁਵਿਧਾ ਜਾਂ ਲਾਭ ਜੋ ਕਿਸੇ ਹੋਰ ਗੈਰ-ਰਿਹਾਇਸ਼ੀ ਨੂੰ ਆਮ ਤੌਰ ਤੇ ਨਹੀ ਮਿਲਦੇ ਹਨ, ਦੁਆਰਾ ਸਥਾਪਤ ਕੀਤੀ ਜਾਂਦੀ ਹੈ।

ਡਰਾਈਵਰ ਲਾਈਸੈਂਸ ਦੇ ਲਈ ਦਰਖਾਸਤ ਦੇਣ ਸਮੇਂ, ਇਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ; ਕਮਰਸ਼ੀਅਲ ਅਤੇ ਗੈਰ-ਕਮਰਸ਼ੀਅਲ। ਡਰਾਈਵਰ ਲਾਈਸੈਂਸ ਦੀ ਹਰੇਕ ਸ਼ਰ੍ਰੇਣੀ ਦੇ ਅੰਦਰ, ਤੁਸੀ ਤੁਹਾਡੀਆਂ ਵਾਹਨ ਚਲਾਉਣ ਦੀਆਂ ਜ਼ਰੂਰਤਾਂ ਦੇ ਅਨੁਸਾਰ, ਜਿਸ ਵਿਚ ਤੁਹਾਡੇ ਦੁਆਰਾ ਚਲਾਏ ਜਾਣ ਵਾਲੇ ਮੋਟਰ ਵਾਹਨ ਦੀ ਕਿਸਮ ਸਮੇਤ, ਤੁਹਾਡੇ ਦੁਆਰਾ ਚਲਾਏ ਜਾਣ ਵਾਲੇ ਮੋਟਰ ਵਾਹਨ ਨੂੰ ਚੁਣ ਸਕਦੇ ਹੋ।

ਇੱਥੇ ਗੈਰ ਕਮਰਸ਼ੀਅਲ ਡਰਾਈਵਰ ਲਾਈਸੈਂਸ ਦੀਆਂ 4 ਕਲਾਸਾਂ ਹਨ:

- ਬੇਸਿਕ ਡਰਾਈਵਰ ਲਾਈਸੈਂਸ (ਕਲਾਸ C)
  - — ਕੈਲੀਫੋਰਨੀਆਂ ਦੀਆਂ ਸੜਹ੍ਕਾਂ ਤੇ ਵਿਅਕਤੀਗਤ ਵਰਤੋਂ ਲਈ ਇਕ ਮਾਨਕ ਵਾਹਨ ਜਾਂ ਟਰੱਕ।
- ਮੋਟਰਸਾਈਕਲ (ਕਲਾਸ M1 ਜਾਂ M2)
  - 2-ਪਹੀਆ ਮੋਟਰ ਵਾਹਨ।
- ਟਰੈ੍ਵ ਲ ਟਰੇ੍ਲਰ/ਪੰਜਵਾ ਪਹੀਆ (ਗੈਰ ਕਮਰਸ਼ੀਅਲ ਕਲਾਸ A)
  - — 15,000 ਸਕਲ੍ ਵਾਹਨ ਭਾਰ ਰੇਟਿੰਗ (GVWR) ਤੋਂ ਵੱਧ ਜਾਂ 10,000 ਪੌਂਡ ਸਕਲ੍ ਵਾਹਨ ਭਾਰ ਰੇਟਿੰਗ ਤੋਂ ਵੱਧ ਦਾ ਟਰੇ੍ਲਰ ਕੋਚ, ਜਦੋਂ ਕਿ ਭਾਰ ਨੂੰ ਪੈਸੇ ਕਮਾਉਣ ਲਈ ਨਹੀ ਖਿੱਚਿਆ ਜਾਂਦਾ ਹੈ।
- ਹਾਊਸ ਕਾਰ/ਮੋਟਰਹੋਮ (ਗੈਰ ਕਮਰਸ਼ੀਅਲ ਕਲਾਸ B)
  - — 40 ਫੁੱਟ ਤੋਂ ਜ਼ਿਆਦਾ, ਪਰ 45 ਫੁੱਟ ਤੋਂ ਜ਼ਿਆਦਾ ਨਹੀ, ਤਸਦੀਕ ਸਮੇਤ।

ਨੋਟ ਕਰੋ : ਸਾਰੀਆਂ ਗੈਰ ਕਮਰਸ਼ੀਅਲ ਡਰਾਈਵਰ ਲਾਈਸੈਂਸ ਸ਼ਰ੍ੇਣੀਆਂ, ਅਸਲ ID ਅਨੁਕੂਲ ਡਰਾਈਵਰ ਲਾਈਸੈਂਸ (REAL ID Compliant DL) ਜਾਂ ਸੰਘੀ ਗੈਰ ਅਨੁਕੂਲ ਡਰਾਈਵਰ ਲਾਈਸੈਂਸ (Federal Non-Compliant DL) ਕਾਰਡ ਵੱਜੋ ਉਪਲੱਬਧ ਹਨ।

ਇਕ ਕਮਰਸ਼ੀਅਲ ਡਰਾਈਵਰ ਲਾਈਸੈਂਸ ਇਕ ਅਜਿਹਾ ਲਾਇਸੈਂਸ ਹੁੰਦਾ ਹੈ ਜੋ ਉਨਹ੍ਾਂ ਸੰਘੀ ਨਿਯਮਾਂ ਦੇ ਅਧੀਨ ਜਾਰੀ ਕੀਤਾ ਜਾਂਦਾ ਹੈ ਜੋ ਕਿਸੇ ਵਿਅਕਤੀ ਨੂੰ ਕਮਰਸ਼ੀਅਲ ਵਾਹਨ ਨੂੰ ਚਲਾਉਣ ਦੀ ਆਗਿਆ ਦਿੰਦੇ ਹਨ। ਕਮਰਸ਼ੀਅਲ ਡਰਾਈਵਰ ਲਾਈਸੈਂਸ ਦੀਆਂ 3 ਕਲਾਸਾਂ ਹਨ:

- ਕਮਰਸ਼ੀਅਲ A
  - — ਵਾਹਨਾਂ ਦਾ ਕੋਈ ਵੀ ਵੈਧ ਜੋੜ੍ ਜਿਸ ਵਿਚ ਸਕਲ੍ ਜੋੜ ਭਾਰ ਰੇਟਿੰਗ (GCWR) 26,001 ਜਾਂ ਇਸ ਤੋਂ ਜ਼ਿਆਦਾ ਪੌਂਡ ਹੁੰਦੀ ਹੈ, ਬਸ਼ਰਤੇ ਕਿ ਖਿੱਚੇ ਜਾਣ ਵਾਲੇ ਵਾਹਨ(ਨਾਂ) ਦੀ ਸਕਲ ਵਾਹਨ ਭਾਰ ਰੇਟਿੰਗ 10,000 ਪੌਂਡ ਤੋਂ ਜ਼ਿਆਦਾ ਹੈ।
- ਕਮਰਸ਼ੀਅਲ B
  - — ਕੋਈ ਵੀ ਇਕਹਿਰਾ ਵਾਹਨ ਜਿਸਦਾ ਸਕਲ੍ ਵਾਹਨ ਭਾਰ ਰੇਟਿੰਗ 26,000 ਪੌਂਡ੍ ਤੋਂ ਜ਼ਿਆਦਾ ਹੈ, ਜਾਂ ਇਸ ਤਰਹ੍ਾਂ ਦਾ ਕੋਈ ਵੀ ਵਾਹਨ ਜੋ ਕਿਸੇ ਅਜਿਹੇ ਵਾਹਨ ਨੂੰ ਖਿੱਚ ਰਿਹਾ ਹੈ ਜਿਸਦਾ ਸਕਲ ਵਾਹਨ ਭਾ੍ਰ ਰੇਟਿੰਗ 10,000 ਪੌਂਡ ਤੋਂ ਜ਼ਿਆਦਾ ਹੈ।
  - — ਇਕ 3-ਐਕਸਲ ਵਾਲਾ ਵਾਹਨ ਜਿਸਦਾ ਭਾ੍ਰ 6,000 ਪੌਂਡ ਤੋਂ ਜ਼ਿਆਦਾ ਹੈ।
- ਕਮਰਸ਼ੀਅਲ C
  - — ਕੋਈ ਵੀ ਕਲਾਸ C ਵਾਹਨ ਜਿਸ ਵਿਚ ਹੇਠ ਲਿਖੀਆਂ ਇਕ ਜਾਂ ਇਕ ਤੋਂ ਜ਼ਿਆਦਾ ਤਸਦੀਕਾਂ ਹੁੰਦੀਆਂ ਹਨ:
    - — ਖਤਰਨਾਕ ਸਮੱਗਰੀ (HazMat)।
    - — ਸੁਵਾਰੀ ਵਾਹਨ (PV)।
    - — ਟੈਂਕ ਵਾਲਾ ਵਾਹਨ (TV)।

ਸੂਚਨਾ: ਸਾਰੀਆਂ ਕਮਰਸ਼ੀਅਲ ਡਰਾਈਵਰ ਲਾਈਸੈਂਸ ਕਲਾਸਾਂ REAL ID Compliant ਜਾਂ Federal Non-Compliant DL ਕਾਰਡ ਵਜੋ ਉਪਲਬਧ ਹਨ।

ਇਸ ਬਾਰੇ ਵਧੇਰੇ ਜਾਣਕਾਰੀ ਲਈ ਤੁਸੀ ਕੈਲੀਫੋਰਨੀਆ ਡਰਾਈਵਰ ਹੈਂਡਬੁੱਕ (*California Driver Handbook*) ਜਾਂ ਕੈਲੀਫੋਰਨੀਆ ਕਮਰਸ਼ੀਅਲ ਡਰਾਈਵਰ ਹੈਂਡਬੁੱਕ (*California Commercial Driver Handbook*) ਦੇਖੋ।

ਅਤਿਰਿਕਤ ਕਾਰਡ ਮਾਰਕਿੰਗਾਂ
- REAL ID ਅਨੁਕੂਲ ਡਰਾਈਵਰ ਲਾਈਸੈਂਸ:
  - — ਇਹ ਸੰਘੀ ਜ਼ਰੂਰਤਾਂ ਦੀ ਪਾਲਣਾ ਕਰਦਾ ਹੈ ਜਿਸਦੇ ਅਨੁਸਾਰ ਦਰਖਾਸਤ੍ਕਰਤਾ ਆਪਣੇ ਡਰਾਈਵਰ ਲਾਈਸੈਂਸ ਕਾਰਡ ਨੂੰ ਹਵਾਈ ਜ਼ਹਾਜ ਵਿਚ ਬੈਠਣ, ਸੈਨਿਕ ਅੱਡਿਆਂ ਵਿਚ ਦਾਖਲ ਹੋਣ, ਅਤੇ ਬ੍ਹ੍ਤੀਆਂ ਸੰਘੀ ਸੁਵਿਧਾਵਾਂ ਵਿਚ ਦਾਖਲ ਹੋਣ ਲਈ ਪਛਾਣ ਪੱਤਰ ਦੇ ਤੌਰ ਤੇ ਵਰਤ ਸਕਦੇ ਹਨ।
  - — ਕੈਲੀਫੋਰਨੀਆ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦੁਆਰਾ ਜਾਰੀ ਕੀਤੇ ਗਏ ਸਾਰੇ ਅਸਲ REAL ID ਅਨੁਕੂਲ ਡਰਾਈਵਰ ਲਾਈਸੈਂਸ ਕਾਰਡਾਂ ਦੇ ਵਿਚ ਕਾਰਡ ਦੇ ਮੁਹਰਲੇ ਪਾਸੇ ਦੇ ਉੱਪਰਲੇ ਸੱਜੇ ਕਿਨਾਰੇ ਤੇ ਕੈਲੀਫੋਰਨੀਆ ਦੇ ਗਿਰ੍ਜ਼ਲੀ ਭਾਲੂ ਅਤੇ ਇਕ ਤਾਰਾ ਬਣਿਆ ਹੁੰਦਾ ਹੈ।

ਨੋਟ ਕਰੋ : ਅਸੈ੍ਬਲੀ ਬਿਲ (Assembly Bill, AB 60) ਡਰਾਈਵਰ ਲਾਈਸੈਂਸ ਦੇ ਲਈ ਦਰਖਾਸਤ ਦੇਣ ਵਾਲੇ ਦਰਖਾਸਤਕਰਤਾ REAL ID ਅਨੁਕੂਲ ਡਰਾਈਵਰ ਲਾਈਸੈਂਸ ਕਾਰਡ ਦੇ ਲਈ ਦਰਖਾਸਤ ਦੇਣ ਤੋਂ ਅਸਮਰੱਥ ਹਨ।

- ਵੈਟਰਨ ਦਾ ਰੁਤਬਾ:
  - — ਯੋਗ੍ ਵੈਟਰਨਜ਼ ਦੇ ਕੋਲ ਮੌਕਾ ਹੈ ਕਿ ਉਹ ਆਪਣੇ ਡਰਾਈਵਰ ਲਾਈਸੈਂਸ ਕਾਰਡ ਦੇ ਮੁਹਰਲੇ ਪਾਸੇ “VETERAN” ਸ਼ਬਦ ਜੋੜਹ੍ ਸਕਦੇ ਹਨ ਤਾਂ ਜੋ ਇਹ ਦਰਸਾਇਆ ਜਾ ਸਕੇ ਕਿ ਉਨਹ੍ਾਂ ਨੇ ਯ੍ਨ੍ਾਇਟਿਡ ਸਟੇਟਸ ਮਿਲਟਰੀ ਵਿਚ ਸੇਵਾ ਨਿਭਾਈ ਹੈ।
  - — ਇਹ, ਜਾਰੀ ਕੀਤੇ ਜਾਣ ਦਾ ਪਰ੍ਮਾਣਪੱਤਰ ਜਾਂ ਕਿਰ੍ਆਸ਼ੀਲ ਡਿਊਟੀ ਤੋਂ ਛੁੱਟੀ (Certificate of Release or Discharge from Active Duty, DD Form 214) ਪੇਸ਼ ਕੀਤੇ ਬਿਨਾਂ, ਵੈਟਰਨ ਹੋਣ ਦੇ ਨਾਲ ਜੁੜੀਆਂ ਕੁਝ ਖਾਸ ਸੁਵਿਧਾਵਾਂ, ਲਾਭਾਂ ਜਾਂ ਮੁਆਵਜ਼ੇ ਨੂੰ ਸਮਰੱਥ ਕਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

ਨੋਟ ਕਰੋ : ਤੁਹਾਨੂੰ ਕਾਊ੍ਂਟੀ ਵੈਟਰਨ ਸਰਵਿਸ ਆਫ਼ਿਸ (Veterans Service Office) ਦੁਆਰਾ ਜਾਰੀ ਕੀਤਾ ਗਿਆ ਪੂਰਾ ਭਰਿਆ ਵੈਟਰਨ ਵੈਰੀਫਿਕੇਸ਼ਨ ਫਾਰਮ (Veteran Status Verification Form, VSD-001) ਜ਼ਰੂਰ ਮੁਹੱਈਆ ਕਰਵਾਉਣਾ ਚਾਹੀਦਾ ਹੈ ਅਤੇ ਆਪਣੇ ਡਰਾਈਵਰ ਲਾਈਸੈਂਸ ਉੱਪਰ ਵੈਟਰਨ ਦਾ ਰੁਤਬਾ ਪਰਾਪਤ ਕਰਨ ਲਈ ਸਥਾਨਕ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਫ਼ਤਰ ਵਿਖੇ ਅਤਿਰਿਕਤ $ 5 ਦਾ ਭੁਗਤਾਨ ਕਰਨਾ ਚਾਹੀਦਾ ਹੈ।

- ਅੰਗ ਅਤੇ ਟਿਸ਼ੂ ਦਾਨੀ:
  - — ਜਦੋਂ ਤੁਸੀ ਆਪਣਾ ਨਾਮ ਡੋਨੇਟ ਲਾਇਫ਼ ਕੈਲੀਫੋਰਨੀਆ ਓਰਗੈਨ ਐਂਡ ਟਿਸ਼ੂ ਡੋਨਰ ਰਜਿਸਟਰੀ (Donate Life California Organ and Tissue Donor Registry) ਵਿਚ ਆਪਣਾ ਨਾਮ ਸ਼ਾਮਲ ਕਰਵਾਉਦੇ ਹੋ, ਤਾਂ ਤੁਸੀ ਆਪਣੀ ਮੌਤ ਹੋਣ ਦੀ ਹਾਲਤ ਵਿਚ ਤੁਹਾਡੇ ਅੰਗਾਂ ਅਤੇ ਟਿਸ਼ੂਆਂ ਨੂੰ ਪਰਾਪਤ ਕਰਨ ਲਈ ਕਾਨੂੰਨੀ ਰੂਪ ਵਿਚ ਅਧਿਕਿਰ੍ਤ ਕਰਦੇ ਹੋ। ਤੁਹਾਡੇ ਡਰਾਈਵਰ ਲਾਈਸੈਂਸ ਕਾਰਡ ਦੇ ਉੱਤੇ ਇਕ ਗੁਲਾਬੀ “DONOR” ਬਿੰਦੂ ਛਾਪਿਆ ਜਾਵੇਗਾ।

ਦਰਖਾਸਤ ਦੇਣ ਲਈ ਮੇਰੇ ਕੋਲ ਕੀ ਹੋਣਾ ਚਾਹੀਦਾ ਹੈ?
ਪਛਾਣ ਦਾ ਸਬੂਤ

ਜਦੋਂ ਤੁਸੀ ਨਵੇਂ ਕੈਲੀਫੋਰਨੀਆ ਡਰਾਈਵਰ ਲਾਈਸੈਂਸ, ਆਪਣੇ ਕੈਲੀਫੋਰਨੀਆ ਕਮਰਸ਼ੀਅਲ ਡਰਾਈਵਰ ਲਾਈਸੈਂਸ ਦੇ ਮੁੜ-ਪਰ੍ਮਾਣੀਕਰਨ, ਜਾਂ REAL ID Compliant DL ਦੇ ਲਈ ਦਰਖਾਸਤ ਦਿੰਦੇ ਹੋ ਤਾਂ ਤੁਹਾਨੂੰ ਆਪਣੀ ਪਛਾਣ ਸਾਬਤ ਕਰਨ ਲਈ ਸਵੀਕਾਰਯੋਗ ਪਛਾਣ ਦਸਤਾਵੇਜ਼(ਜ਼ਾਂ) ਨੂੰ ਜ਼ਰੂਰ ਮੁਹੱਈਆ ਕਰਵਾਉਣਾ ਚਾਹੀਦਾ ਹੈ। ਇਕ ਸਵੀਕਾਰਯੋਗ ਦਸਤਾਵੇਜ਼ ਉਹ ਹੁੰਦਾ ਹੈ ਜੋ ਕਿਸੇ ਅਧਿਕਾਰਤਾ, ਜਿਵੇਂ ਦੇਸ਼, ਰਾਜ, ਸੰਘ, ਜਾਂ ਵਿਦੇਸ਼ੀ ਏਜੰਸੀ ਦੁਆਰਾ ਤਿਆਰ ਕੀਤਾ ਗਿਆ ਹੁੰਦਾ ਹੈ। ਇਹ ਮੂਲ ਜਾਂ ਪਰ੍ਮਾਣੀਕਿਰ੍ਤ ਦਸਤਾਵੇਜ਼ ਹੁੰਦੇ ਹਨ ਜੋ ਜਨਮ ਤਾਰੀਖ, ਅਸਲ ਪੂਰਾ ਨਾਮ ਅਤੇ ਪਛਾਣ ਦੀ ਤ੍ਸਦੀਕ ਕਰਦੇ ਹਨ। ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਪਛਾਣ ਨੂੰ ਸਥਾਪਤ ਕਰਨ ਲਈ ਕੇਵਲ ਮੂਲ ਦਸਤਾਵੇਜ਼ ਜਾਂ ਮੂਲ ਦਸਤਾਵੇਜ਼ ਦੀ ਪਰ੍ਮਾਣੀਕਿਰ੍ਤ ਕਾਪੀ ਨੂੰ ਸਵੀਕਾਰ ਕਰੇਗਾ। ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਨਕਲ ਕਾਪੀਆਂ, "ਜਾਣਕਾਰੀ ਅਧਾਰਿਤ ਨਕਲਾਂ" ਜਾਂ ਬਿਆਨ ਸ਼ਾਮਲ ਕਰਦੇ ਦਸਤਾਵੇਜ਼ਾਂ, "ਜਾਣਕਾਰੀ ਅਧਾਰਿਤ, ਪਛਾਣ ਨੂੰ ਸਾਬਤ ਨਾ ਕਰਨ ਲ੍ਈ ਵੈਧ ਦਸਤਾਵੇਜ਼ ਨਹੀ," ਜਾਂ ਇਸ ਤਰਹ੍ਾਂ ਦੇ ਹੋਰ ਬਿਆਨ ਨੂੰ ਸਵੀਕਾਰ ਨਹੀ ਕਰੇਗਾ। ਤੁਹਾਡੇ ਦਸਤਾਵੇਜ਼(ਜ਼ਾਂ) ਦੇ ਵਿਚ ਤੁਹਾਡਾ ਅਸਲ ਪੂਰਾ ਨਾਮ ਸ਼ਾਮਲ ਹੋਣਾ ਚਾਹੀਦਾ ਹੈ। ਤੁਹਾਡੇ ਦੁਆਰਾ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਫ਼ਤਰ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਨੂੰ ਤੁਹਾਨੂੰ ਵਾਪਸ ਕਰ ਦਿੱਤਾ ਜਾਵੇਗਾ।

ਤੁਹਾਡੇ ਦੁਆਰਾ ਦਰਖਾਸਤ ਦਿੱਤੇ ਜਾਣ ਵਾਲੇ ਡਰਾਈਵਰ ਲਾਈਸੈਂਸ ਦੇ ਆਧਾਰ ਤੇ ਸਵੀਕਾਰਯੋਗ ਪਛਾਣ ਦਸਤਾਵੇਜ਼ਾਂ ਦੀ ਇਕ ਪੂਰੀ ਸੂਚੀ ਲਈ **dmv.ca.gov**. ਤੇ ਵਿਜ਼ਿਟ ਕਰੋ।

ਨੋਟ ਕਰੋ : ਪਰ੍ਾਵਧਾਨਿਕ (ਅਵਿਅਸਕ) ਡਰਾਈਵਰ ਲਾਈਸੈਂਸ ਬਾਰੇ ਵਧੇਰੇ ਜਾਣਕਾਰੀ ਲਈ **dmv.ca.gov**. ਦੇਖੋ।

ਅਸਲੀ ਪੂਰਾ ਨਾਮ

ਤੁਹਾਡਾ ਅਸਲੀ ਪੂਰਾ ਨਾਮ ਤੁਹਾਡਾ ਮੌਜੂਦਾ, ਪੂਰਾ ਕਾਨੂੰਨੀ ਨਾਮ (ਪਹਿਲਾ, ਮੱਧ ਅਤੇ ਅੰਤਮ ਨਾਮ) ਹੈ, ਜਿਸ ਤਰਹ੍ਾਂ ਕਿ ਇਹ ਤੁਹਾਡੇ ਪਛਾਣ ਜਾਂ ਨਾਮ ਬਦਲੀ ਦੇ ਦਸਤਾਵੇਜ਼(ਜ਼ਾਂ) ਉੱਪਰ ਨਜ਼ਰ ਆਉਂਦਾ ਹੈ। ਜੇ ਤੁਹਾਡੇ ਪਛਾਣ ਦਸਤਾਵੇਜ਼ ਉੱਪਰ ਦਿੱਤਾ ਗਿਆ ਨਾਮ ਤੁਹਾਡੇ ਦੁਆਰਾ ਦਰਖਾਸਤ ਉੱਪਰ ਦਿੱਤੇ ਗਏ ਨਾਮ ਤੋਂ ਭਿੰਨ ਹੈ, ਤਾਂ ਤੁਹਾਨੂੰ ਨਾਮ ਬਦਲੀ ਸਬੰਧੀ ਅਤਿਰਿਕਤ ਦਸਤਾਵੇਜ਼ ਜਮਹ੍ਾਂ ਕਰਵਾਉਣੇ ਚਾਹੀਦੇ ਹਨ। ਤੁਹਾਡੇ ਅਸਲੀ ਪੂਰੇ ਨਾਮ ਨੂੰ ਸ਼ਾਮਲ ਕਰਨ ਵਾਲੇ ਦਸਤਾਵੇਜ਼ਾਂ ਵਿਚ ਸ਼ਾਮਲ ਹੈ:

- ਗੋਦ ਲੈਣ ਦੇ ਦਸਤਾਵੇਜ਼ ਜੋ ਗੋਦ ਲੈਣ ਦੇ ਨਤੀਜੇ ਵੱਜੋ ਕਾਨੂੰਨੀ ਨਾਮ ਨੂੰ ਸ਼ਾਮਲ ਕਰਦੇ ਹਨ।
- ਨਾਮ ਤਬਦੀਲੀ ਦਾ ਇਕ੍ ਦਸਤਾਵੇਜ਼ ਜਿਸ ਵਿਚ ਨਾਮ ਤਬਦੀਲੀ ਤੋਂ ਪਹਿਲਾਂ ਅਤੇ ਬਾਅਦ ਦੇ ਦੋਵੇਂ ਨਾਮ ਸ਼ਾਮਲ ਹੋਣ।
- ਵਿਆਹ ਦਾ ਪਰ੍ਮਾਣ ਪੱਤ੍
- ਆਿਹ/ਘਰੇਲ੍ ਪਾਰਟਨਰਸ਼ਿਪ ਦੇ ਭੰਗ ਹੋਣ ਦਾ ਦਸਤਾਵੇਜ਼ ਜੋ ਅਦਾਲਤੀ ਕਾਰਵਾਈ ਦੇ ਨਤੀਜਤਨ ਕਾਨੂੰਨੀ ਨਾਮ ਨੂੰ ਸ਼ਾਮਲ੍ ਕਰਦਾ ਹੈ।
- ਇਕ ਪਰ੍ਮਾਣਪੱਤਰ, ਘੋਸ਼ਣਾ, ਜਾਂ ਰਜਿਸਟਰੇ੍ਸ਼ਨ ਦਸਤਾਵੇਜ਼ ਜੋ ਘਰੇਲ੍ ਪਾਰਟਨਰਸ਼ਿਪ ਦੀ ਸਥਾਪਤੀ ਦੀ ਪੁਸ਼ਟੀ ਕਰਦਾ ਹੈ।

ਨੋਟ ਕਰੋ : ਜੇ ਤੁਸੀ ਡਰਾਈਵਰ ਲਾਈਸੈਂਸ ਦੇ ਉੱਪਰ ਆਪਣਾ ਨਾਮ ਠੀਕ ਕਰਵਾ ਰਹੇ ਹੋ ਜਾਂ ਬਦਲ ਰਹੇ ਹੋ, ਤਾਂ ਤੁਹਾਨੂੰ ਆਪਣੇ ID ਕਾਰਡ ਉੱਪਰ ਵੀ ਆਪਣੇ ਨਾਮ ਨੂੰ ਠੀਕ ਕਰਵਾ ਲੈਣਾ ਚਾਹੀਦਾ ਹੈ ਜਾਂ ਬਦਲਵਾ ਲੈਣਾ ਚਾਹੀਦਾ ਹੈ (ਜੇ ਲਾਗੂ ਹੋਏ)।

ਸ਼ੋਸ਼ਲ ਸਿਲਓਰਿਟੀ ਨੰਬਰ (SSN)

ਜੇ ਤੁਸੀ ਸ਼ੋਸ਼ਲ ਸਿਲਓਰਿਟੀ ਨੰਬਰ ਦੇ ਲਈ ਪਾਤਰ ਹੋ ਜਾਂ ਜੇ ਤੁਹਾਨੂੰ ਇਹ ਜਾਰੀ ਕੀਤਾ ਗਿਆ ਹੈ, ਤਾਂ ਤੁਹਾਨੂੰ ਇਸਨੂੰ ਆਪਣੀ ਦਰਖਾਸਤ ਵਿਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਕੈਲੀਫੋਰਨੀਆ ਕਮਰਸ਼ੀਅਲ ਡਰਾਈਵਰ ਲਾਈਸੈਂਸ ਜਾਂ REAL ID Compliant DL ਦੇ ਲਈ ਦਰਖਾਸਤ ਦਿੰਦੇ ਸਮੇਂ, ਤੁਹਾਨੂੰ ਆਪਣੇ ਸ਼ੋਸ਼ਲ ਸਿਲਓਰਿਟੀ ਨੰਬਰ ਦਾ ਸਬੂਤ ਜ਼ਰੂਰ ਮੁਹੱਈਆ ਕਰਵਾਉਣਾ ਚਾਹੀਦਾ ਹੈ। ਸਵੀਕਾਰਯੋਗ REAL ID Compliant DL ਸ਼ੋਸ਼ਲ ਸਿਲਓਰਿਟੀ ਨੰਬਰ ਦੇ ਵਿਕਲਪਾਂ ਲਈ **dmv.ca.gov.** ਦੇਖੋ। ਜਦੋਂ ਤੁਸੀ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦੇ ਦਫ਼ਤਰ ਵਿਚ ਹੁੰਦੇ ਹੋ ਉਸ ਸਮੇਂ ਤੁਹਾਡੇ ਸ਼ੋਸ਼ਲ ਸਿਲਓਰਿਟੀ ਨੰਬਰ ਦੀ ਸੋਸ਼ਲ ਸਿਕਓਰਟੀ ਐਡਮਨਿਸਟਰੇਸ਼ਨ (Social Security Administration, SSA) ਦੇ ਨਾਲ ਤੁਸਦੀਕ ਕੀਤੀ ਜਾਵੇਗੀ। ਜੇ ਤੁਸੀ ਸ਼ੋਸ਼ਲ ਸਿਲਓਰਿਟੀ ਨੰਬਰ ਦੇ ਲਈ ਯੋਗ ਹੋ ਪੂਰ ਤੁਹਾਨੂੰ ਇਹ ਜਾਰੀ ਨਹੀ ਕੀਤਾ ਗਿਆ ਹੈ ਤਾਂ ਸੋਸ਼ਲ ਸਿਕਓਰਟੀ ਐਡਮਨਿਸਟਰੇਸ਼ਨ ਨਾਲ ਸੰਪਰਕ ਕਰੋ। ਜੇ ਤੁਸੀ ਭਵਿੱਖ ਵਿਚ ਸ਼ੋਸ਼ਲ ਸਿਲਓਰਿਟੀ ਨੰਬਰ ਦੇ ਪਾਤਰ ਬਣ ਜਾਂਦੇ ਹੋ ਤਾਂ ਤੁਹਾਨੂੰ ਇਸਨੂੰ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਨੂੰ ਜ਼ਰੂਰ ਮੁਹੱਈਆ ਕਰਵਾਉਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ ਸੋਸ਼ਲ ਸਿਕਓਰਟੀ ਨੰਬਰ ਕੁਝ ਤੱਥ (*Social Security Number*, FFDL 8 ਤੇਜ਼ ਤੱਥ) ਬਰੋਸ਼ਰ ਨੂੰ ਦੇਖੋ।

ਰਿਹਾਇਸ਼ ਦੇ ਦਸਤਾਵੇਜ਼

ਤੁਹਾਨੂੰ ਕੈਲੀਫੋਰਨੀਆ ਵਿਚ ਰਿਹਾਇਸ਼ ਦਾ 1 ਦਸਤਾਵੇਜ਼ ਜ਼ਰੂਰ ਮੁਹੱਈਆ ਕਰਵਾਉਣਾ ਚਾਹੀਦਾ ਹੈ ਜੇ ਤੁਸੀ DL ਦੇ ਲਈ ਦਰਖਾਸਤ ਦੇ ਰਹੇ ਹੋ ਜਾਂ ਕੈਲੀਫੋਰਨੀਆ ਕਮਰਸ਼ੀਅਲ DL ਦੇ ਮੁੜ ਨਵੀਨੀਕਰਣ ਲਈ ਦਰਖਾਸਤ ਦੇ ਰਹੇ ਹੋ, ਅਤੇ 2 ਦਸਤਾਵੇਜ਼ ਜ਼ਰੂਰ ਮੁਹੱਈਆ ਕਰਵਾਉਣੇ ਚਾਹੀਦੇ ਹਨ ਜੇ ਤੁਸੀ ਇੱਕ REAL ID ਅਨੁਕੂਲ DL ਲਈ ਦਰਖਾਸਤ ਦੇ ਰਹੇ ਹੋ।

ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਰਿਹਾਇਸ਼ ਦੇ ਦਸਤਾਵੇਜ਼ਾਂ ਦੇ ਬਿਨਾਂ ਕਿਸੇ ਦਰਖਾਸਤ ਨੂੰ ਸਵੀਕਾਰ ਨਹੀ ਕਰੇਗਾ। ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਰਿਹਾਇਸ਼ ਦੇ ਸਬੂਤ ਦੇ ਦਸਤਾਵੇਜ਼ ਵੱਜੋ ਨਕਲ ਕਾਪੀਆਂ, ''ਜਾਣਕਾਰੀ ਅਧਾਰਿਤ ਕਾਪੀਆਂ'' ਜਾਂ ਕੰਪਿਊਟਰ ਦੁਆਰਾ ਤਿਆਰ ਕੀਤੇ ਦਸਤਾਵੇਜ਼ਾਂ ਨੂੰ ਸਵੀਕਾਰ ਕੁਰ ਲਵੇਗਾ। ਰਿਹਾਇਸ਼ ਦੇ ਸਾਰੇ ਦਸਤਾਵੇਜ਼ਾਂ ਤੇ ਦਰੁਖਾਸਤੁਕਰਤਾ ਦਾ ਪਹਿਲਾ ਨਾਮ ਅਤੇ ਅੰਤਮ ਨਾਮ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਕੈਲੀਫੋਰਨੀਆ ਦਾ ਰਿਹਾਇਸ਼ੀ ਪੱਤਾ ਡਰਾਈਵਰ ਲਾਈਸੈਂਸ ਦਰਖਾਸਤ ਉੱਪਰ ਦਿੱਤੇ ਗਏ ਪਤੇ ਦੇ ਨਾਲ ਜ਼ਰੂਰ ਮੇਲ ਖਾਣਾ ਚਾਹੀਦਾ ਹੈ। ਸਵੀਕਾਰਯੋਗ ਰਿਹਾਇਸ਼ੀ ਦਸਤਾਵੇਜ਼ਾਂ ਦੀ ਪੂਰੀ ਸੂਚੀ ਲਈ **dmv.ca.gov.** ਦੇਖੋ।

ਦਰਖਾਸਤ ਦੀ ਪਰ੍ਕਿਰ੍ਆ

ਡਰਾਈਵਰ ਲਾਈਸੈਂਸ ਦੇ ਲਈ ਦਰਖਾਸਤ ਦੇਣ ਲਈ ਤੁਹਾਨੂੰ ਡਰਾਈਵਰ ਲਾਈਸੈਂਸ ਅਤੇ ਪਛਾਣ ਕਾਰਡ ਦੀ ਦਰਖਾਸਤ ਨੂੰ ਭਰਨਾ ਚਾਹੀਦਾ ਹੈ ਅਤੇ ਲਾਗੂ ਹੋਣ ਵਾਲੀ ਫੀਸ ਦਾ ਭੁਗਤਾਨ ਕਰਨਾ ਚਾਹੀਦਾ ਹੈ। ਮੌਜੂਦਾ ਲਾਇਸੈਂਸਿੰਗ ਫੀਸਾਂ ਲਈ **dmv.ca.gov.** ਦੇਖੋ। ਤੁਹਾਨੂੰ ਇਕ ਗਿਆਨ ਅਧਾਰਤ ਟੈਸਟ, ਇਕ ਨਿਗਹ੍ਾ ਦੀ ਜਾਂਚ, ਫ਼ੋਟੋ ਅਤੇ ਜੇ ਜ਼ਰੂਰੀ ਹੋਇਆ ਇਕ ਡਰਾਈਵਿੰਗ ਟੈਸਟ ਦੇਣਾ ਪਵੇਗਾ।

1. ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਫ਼ਤਰ ਵਿਜ਼ਿਟ ਕਰਨ ਤੋਂ ਪਹਿਲਾਂ
   - ਗ੍ਿਆਨ ਅਧਾਰਤ ਟੈਸਟ ਦੀ ਪੜ੍ਹਾਈ ਕਰ੍ ਲਵੋ। ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦੀ ਵੈਬਸਾਇਟ ਤੇ ਉਪਲੱਬਧ ਪੜ੍ਹਾਈ ਦੀ ਸਮੱਗਰੀ ਵਿਚ ਸ਼ਾਮਲ ਹੈ:
     - — ਕੈਲੀਫੋਰਨੀਆ ਡਰਾਈਵਰ ਹੈਂਡਬੁੱਕ (ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਫ਼ਤਰਾਂ ਵਿਚ ਕਈ ਭਾਸ਼ਾਵਾਂ ਵਿਚ ਉਪਲੱਬਧ ਹੈ)
     - — ਕੈਲੀਫੋਰਨੀਆ ਕਮਰਸ਼ੀਅਲ ਹੈਂਡਬੁੱਕ (*California Commercial Driver Handbook*)।
     - — ਨਮੂਨਾ ਟੈਸਟ।
     - — ਸੜ੍ਕੀ ਚਿੰਨਹ੍ਾਂ ਦੇ ਫਲੈਸ਼ਕਾਰਡ।
   - ਡਰਾਈਵਰ ਲਾਈਸੈਂਸ ਲਈ ਦਰਖਾਸ੍ਤ ਦੇਣ ਲਈ ਲੋ੍ੜੀਂਦੀ ਪਛਾਣ, ਰਿਹਾਇਸ਼, ਅਤੇ ਸ਼ੋਸ਼ਲ ਸਿਲਓਰਿਟੀ ਨੰਬਰ ਦਸਤਾਵੇਜ਼ਾਂ ਨੂੰ ਇਕੱਠਾ ਕਰ ਲਵੋ।
   - ਅਪਰੈ੍ਲ 2018, ਤੋਂ ਡਿਪਾਰਟਮੈਂਟ ਆਫ ਮੋਟ੍ਰ ਵਹੀਕਲਜ਼ ਇਲੈਕਟ੍ਰਾਨਿਕ ਡਰਾਈਵਰ ਲਾਈਸੈਂਸ ਅਤੇ ID ਦੀ ਦ੍ਰਖਾਸ੍ਤ ਦੀ ਇਲੈਕ੍ਟ੍ਰਾਨਿਕ ਪ੍ਰ੍ਕਿ੍ਆ ਦੀ ਸ਼ੁ੍ਰੂਆਤ ਕਰੇਗੀ। ਦਰਖਾਸ੍ਤਕ੍ਰ੍ਤਾਵਾਂ ਨੂੰ ਡਿਪਾਰਟਮੈਂਟ ਆਫ ਮੋਟਰ ਵਹੀਕਲ੍ਜ਼ ਦਫ਼ਤਰ ਵਿਜ਼ਿਟ ਕਰਨ ਤੋਂ ਪਹਿਲਾਂ ਆਪਣੀ ਇਲੈਕਟ੍ਰਾਨਿਕ ਦ੍ਰਖਾਸ੍ਤ ਨੂੰ ਪੂ੍ਰਾ ਕਰਨ ਦਾ ਮੌ੍ਕਾ ਮਿਲੇ੍ਗਾ। ਇਹ ਸੁ੍ਨਿਸ਼੍ਚਿਤ ਕਰੇ ਕਿ ਤੁ੍ਸੀ ਤੁ੍ਹਾਡੀ ਦਫ਼ਤ੍ਰੀ ਵਿਜ਼ਿਟ ਤੇ ਆਪ੍ਣੀ ਦ੍ਰਖਾਸ੍ਤ ਦੀ ਪੁ੍ਸ਼ਟੀ ਨੂੰ ਨਾਲ ਲਿਆਉਦੇ ਹੋ।
   - ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਫ਼ਤਰ ਆਉਣ ਤੋਂ ਪਹਿਲਾਂ ਇਕ ਮੁ੍ਲਾਕਾਤ ਨਿ੍ਰਧਾਰਤ ਕਰੋ। ਦਰਖਾਸਤਾਂ **dmv.ca.gov** ਦੇ ਰਾਹੀਂ ਜਾਂ 1-800-777-0133 ਦੇ ਰਾਹੀਂ ਜਾਂ 1-800-777-0133 ਤੇ ਕਾੱਲ ਕਰਕੇ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ। ਤੁਸੀ ਡਿਪਾਰ੍ਟਮੈਂਟ ਆਫ ਮੋਟ੍ਰ ਵਹੀਕਲਜ਼ ਦਫ਼ਤਰ ਵਿਖੇ ਉਪਲੱਬਧ ਭੁਗਤਾਨ ਦੇ ਵਿਕਲਪਾਂ ਦੀ ਤਸਦੀਕ ਕਰ ਸਕਦੇ ਹੋ।

2. ਜਦੋਂ ਤੁਸੀ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਫ਼ਤਰ ਪਹੁੰਚਦੇ ਹੋ

   ਤੁਹਾਨੂੰ ਇਨਹ੍ਾਂ ਦੀ ਜ਼ਰੂਰਤ ਪਵੇਗੀ:
   - ਤੁਹਾਡੀ ਦਰਖਾਸਤ ਦੇ ਲਈ ਸਹੀ ਫੀਸ(ਸਾਂ)।
   - ਤੁਹਾਡੀ ਪਛਾਣ, ਜਨਮ ਤਾਰੀਖ, ਅਸਲ ਪੂਰੇ ਨਾਮ ਨੂੰ ਸਥਾਪਤ ਕਰਦੇ ਮੂਲ ਜਾਂ ਪਰ੍ਮਾਣੀਕਿ੍ਤ ਦਸਤਾਵੇਜ਼।
   - ਜੇ REAL ID Compliant DL ਦੇ ਲਈ ਦਰਖਾਸਤ ਦੇ ਰਹੇ ਹੋ ਤਾਂ ਸ਼ੋਸ਼ਲ ਸਿਲਓਰਿਟੀ ਨੰਬਰ ਦਾ ਸਬੂਤ ਦਿੰਦਾ ਹੋਇਆ ਅਸਲ ਦਸਤਾਵੇਜ਼।
   - ਰਿਹਾਇਸ਼ ਦਾ ਸਬੂਤ।
   - ਕਿਸੇ ਵੀ ਰਾਜ ਦੁਆਰਾ ਪਹਿਲਾਂ ਜਾਰੀ ਕੀਤਾ ਗਿਆ ਕੋਈ ਵੀ ਡਰਾਈਵਰ ਲਾਈਸੈਂਸ ਜਾਂ ਪਰਮਿਟ (ਜੇ ਲਾਗੂ ਹੋਏ)।
   - ਜੇ ਤੁਸੀ 18 ਸਾਲ ਦੀ ਉਮਰ ਤੋਂ ਘੱਟ ਹੋ ਤਾਂ ਤੁਸੀ ਪਰ੍ਵਾਵਧਾਨਿਕ ਪਰਮਿਟ/ਡਰਾਈਵ੍ਰ ਲਾਇਸੈਂਸ ਦੇ ਲਈ ਦਰਖਾਸਤ ਦੇ ਸਕਦੇ ਹੋ। ਉੱਪਰ ਦੱਸੀਆਂ ਗ੍ਈਆਂ ਚੀਜ਼ਾਂ ਦੇ ਇਲਾਵਾ ਤੁਹਾਨੂੰ ਜ਼ਰੂਰਤ ਪਵੇਗੀ:
   - ਡਰਾਈਵਰ ਸਿੱਖਿਆ ਪੂਰੀ ਕਰਨ ਦਾ ਪਰ੍ਮਾਣਪੱਤਰ ਜਾਂ ਏਕੀਕਿ੍ਤ ਡਰਾਈਵਰ ਸਿੱਖਿਆ/ ਡਰਾਈਵਰ ਸਿਖਲਾਈ ਪਰ੍ਰੋਗਰ੍ਮ ਦੇ ਵਿਚ ਦਾਖਲਾ।
   - ਨਾਲ ਰਹਿੰਦੇ ਸਾਰੇ ਮਾਤ-ਪਿਤਾ(ਵਾਂ)/ਸਰਪਰ੍ਸਤ(ਤਾਂ) ਦੇ ਦਸਤਖਤ।

ਨੋਟ ਕਰੋ : ਪਰ੍ਵੀਜ਼ਿਨਲ ਲਾਈਸੈਂਸਿੰਗ (*Provisional Licensing*, FFDL 19) ਅਤਿਰਿਕਤ ਜਾਣਕਾਰੀ ਲਈ ਕੁਝ ਤੱਥ (ਤੇਜ਼ ਤੱਥ) ਬਰੋਸ਼ਰ ਦੇਖੋ।

ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਾ ਪਰ੍ਤੀਨਿਧੀ ਤੁਹਾਨੂੰ ਇਕ ਨੰਬਰ ਦੇ ਸਕਦਾ ਹੈ ਅਤੇ/ਜਾਂ ਤੁਹਾਨੂੰ ਇੰਤਜ਼ਾਰ ਕਰਨ ਲਈ ਕਹਿ ਸਕਦਾ ਹੈ। ਜਦੋਂ ਤੁਹਾਡੀ ਵਾਰੀ ਆਉਂਦੀ ਹੈ, ਤੁਹਾਨੂੰ ਤੁਹਾਡੀ ਦਰਖਾਸਤ ਦੇ ਕਾਰਵਾਈ ਕਰਨ ਲਈ ਖਿੜਕੀ ਤੇ ਬੁਲਾਇਆ ਜਾਵੇਗਾ।

3. ਜਦੋਂ ਤੁਹਾਨੂੰ ਕਿਸੇ ਪਰ੍ਤੀਨਿਧੀ ਦੀ ਖਿੜਕੀ ਤੇ ਬੁਲਾਇਆ ਜਾਂਦਾ ਹੈ
   - ਪਹਿਲਾਂ ਸੂਚੀਬੱਧ ਕੀਤੇ ਸਾਰੇ ਦਸਤਾਵੇਜ਼ ਮੁਹੱਈਆ ਕਰਵਾਓ। ਇਨਹ੍ਾਂ ਦਸਤਾਵੇਜ਼ਾਂ ਨੂੰ ਤੁਹਾਡੀ ਜਾਣਕਾਰੀ ਦੀ ਤਸਦੀਕ ਕਰਨ ਅਤੇ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਰਿਕਾਰਡ ਬਣਾਉਣ ਲਈ ਵਰਤਿਆ ਜਾਂਦਾ ਹੈ।
   - ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਾ ਪਰ੍ਤੀਨਿਧੀ ਤੁਹਾਡੇ ਉਗਲਾਂ ਦੇ ਨਿਸ਼ਾਨ ਸਕੈਨ ਕਰੇਗਾ। ਇਸ ਉਗਲਾਂ ਦੇ ਨਿਸ਼ਾਨ ਨੂੰ ਤੁਹਾਡੀ ਫੋਟੋ ਲੈਣ ਅਤੇ ਟੈਸਟਾਂ ਨੂੰ ਕਰਨ ਲਈ ਵਰਤਿਆ ਜਾਵੇਗਾ।
   - ਤੁਹਾਡੀ ਜਾਣਕਾਰੀ ਨੂੰ ਕੰਪਿਊਟਰ ਵਿਚ ਪਾਉਣ ਦੇ ਬਾਅਦ, ਦਰਖ਼ਾਸਤ ਦੀ ਫੀਸ (ਅਤੇ ਲਾਗੂ ਹੋਣ ਵਾਲੀ ਹੋਰ ਕਿਸੇ ਵੀ ਫੀਸ) ਨੂੰ ਇਕੱਤਰ ਕੀਤਾ ਜਾਵੇਗਾ।
   - ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਦਾ ਪਰ੍ਤੀਨਿਧੀ ਤੁਹਾਡੀ ਨਿਗਹ੍ਾ ਦੀ ਜਾਂਚ ਕਰੇਗਾ (ਜੇ ਜ਼ਰੂਰੀ ਹੋਏ ਆਪ੍ਣੀਆਂ ਨਿਗਹ੍ਾ ਸਹੀ ਕਰਨ ਵਾਲੀਆਂ ਐਨਕਾਂ ਲਿਆਉਣੀਆਂ ਸੁਨਿਸ਼੍ਚਿਤ ਕਰੋ), ਅਤੇ ਤੁਹਾਨੂੰ ਕੈਮਰੇ ਵੱਲ ਦੇਖਣ ਲਈ ਕਹੇਗਾ।
   - ਕੈਮਰੇ ਵਾਲੀ ਥਾਂ ਤੇ ਤੁਹਾਡੇ ਉਗਲਾਂ ਦੇ ਨਿਸ਼ਾਨ ਨੂੰ ਮੁੜ ਤੋਂ ਸਕੈਨ ਕੀਤਾ ਜਾਵੇਗਾ ਅਤੇ ਪਰ੍ਤੀਨਿਧੀ ਤੁਹਾਡੇ ਦਸਤਖਤ ਲਵੇਗਾ ਅਤੇ ਤੁਹਾਡੀ ਤਸਵੀਰ ਲਵੇਗਾ।

ਨੋਟ ਕਰੋ : ਦਸਤਖਤ ਅਤੇ ਤਸਵੀਰ ਤੁਹਾਡੇ ਡਰਾਈਵਰ ਲਾਈਸੈਂਸ ਉੱਪਰ ਨਜ਼ਰ ਆਉਣਗੇ।

4. ਆਪਣਾ ਗਿਆਨ ਸਬੰਧੀ ਟੈਸਟ ਦੇਣਾ

   ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਇਹ੍ ਨਿਰਧਾਰਤ ਕਰਨ ਲਈ ਗਿਆਨ ਦਾ ਟੈਸਟ ਲੈਂਦੀ ਹੈ ਸ਼ਕ ਦਰਖਾਸਤਕਰਤਾ ਸੜ੍ਕ ਤੇ ਲਾਗੂ ਹੋਣ ਵਾਲੇ ਕਾਨੂੰਨਾਂ ਅਤੇ ਨਿਯਮਾਂ ਨੂੰ ਸਮਝਦਾ ਹੈ। ਤੁਹਾਡੇ ਦੁਆਰਾ ਦਰਖਾਸਤ ਦਿੱਤੇ ਗਏ ਡਰਾਈਵਰ ਲਾਈਸੈਂਸ ਉੱਪਰ ਨਿਰਭਰ ਕਰ੍ਨ ਅਨੁਸਾਰ, ਇਕ ਤੋਂ ਜ਼ਿਆਦਾ ਗਿਆਨ ਦੇ ਟੈਸਟਾਂ ਦੀ ਜ਼ਰੂਰਤ ਪੈ ਸਕਦੀ ਹੈ (ਉਦਾਹਰਣ ਦੇ ਤੌਰ ਤੇ ਮੋਟਰਸਾਇਕਲ ਜਾਂ ਕਮਰਸ਼ੀਅਲ ਡਰਾਈਵਰ ਲਾਈਸੈਂਸ)।
   - ਗ੍ਿਆਨ ਦਾ ਟੈਸਟ ਕਈ ਭਾਸ਼ਾਵਾਂ ਵਿਚ ਅਤੇ ਕੁਝ ਖਾਸ ਕੇਸਾਂ ਵਿਚ, ਕਾਗਜ਼ ਜਾਂ ਆਡਿਓ ਤੇ, ਕੰਪਿਊਟਰ (ਟੱਚਸਕਰੀਨ ਟੈਸਟਿੰਗ) ਉੱਪਰ ਲਿਆ ਜਾਵੇਗਾ।
   - ਤੁਹਾਡੇ ਦੁਆਰਾ ਇਕ ਵਾਰ ਟੈਸਟ ਨੂੰ ਪੂਰਾ ਕਰਨ ਦੇ ਬਾਅਦ, ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਪਰ੍ਤੀਨਿਧੀ ਦੁਆਰਾ ਮੁਹੱਈਆ ਕਰਵਾਏ ਗਏ ਨਿਰਦੇਸ਼ਾਂ ਦੀ ਪਾਲਣਾ ਕਰੋ।
   - ਟੱਚਸਕਰੀਨ ਟੈਸਟਾਂ ਦੀ ਗਰੇ੍ਡਿੰਗ ਆਟੋਮੇ੍ਟੀਕ੍ਲੀ ਹੁੰਦੀ ਹੈ। ਇਕ੍ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਪਰ੍ਤੀਨਿਧੀ ਕਾਗਜ਼ ਅਤੇ ਆਡਿਓ ਟੈਸਟਾਂ ਦੀ ਗਰੇ੍ਡਿੰਗ ਕ੍ਰੇਗਾ।
   - ਪਾਸ ਨਹੀ ਹੋਏ? ਚਿੰਤਾ ਨਾ ਕਰੋ। ਤੁਸੀ ਇਸ ਕ੍ਦਮ ਨੂੰ ਦੁ੍ਹਰਾ ਸਕਦੇ ਹੋ। ਦੁਬਾਰਾ ਟੈਸਟ ਦੇਣ ਤੋ੍ ਪਹਿਲਾਂ ਕੈਲੀਫੋਰਨੀਆ ਡਰਾਈਵਰ ਹੈਂਡਬੁੱਕ (*California Driver Handbook*) ਜਾਂ ਕੈਲੀਫੋਰਨੀਆ ਕਮਰਸ਼੍ਿਅਲ ਡ੍ਰਾਈਵਰ ਹੈਂਡਬੁੱਕ (*California Commercial Driver Handbook*) ਦਾ ਅਧਿਐਨ ਕਰੋ। ਪਰ੍ਵਾਵਧਾਨਿਕ ਦਰੁਖਾਸਤਕਰਤਾਵਾਂ ਨੂੰ ਮੁੜ ਟੈਸਟ ਦੇਣ ਤੋ੍ ਪਹਿਲਾਂ 1 ਹੁ੍ਫ਼ਤਾ ਜ਼ਰੂਰ ਇੰਤਜ਼ਾਰ ਕਰਨਾ ਚਾਹ੍ੀਦਾ ਹੈ।
   - ਜੇ ਤੁਸੀ 3 ਕੋ੍ਸ਼ਿਸ਼ਾਂ ਦੇ ਬਾਅਦ ਵੀ ਗਿਆਨ ਦੇ ਟੈਸਟ ਨੂੰ ਪਾਸ ਨਹੀ ਕਰਦੇ, ਤਾਂ ਤੁਹਾਨੂੰ ਦਰਖਾਸਤ ਦੀ ਪਰ੍ਕਿ੍ਆ ਨੂੰ ਮੁੜ ਤੋ੍ ਦੁਹਰਾਉਣਾ ਪਵੇਗਾ।

ਨੋਟ ਕਰੋ : ਜਦੋਂ ਤੱਕ ਤੁਹਾਡੇ ਕੋਲ ਵਾਹਨ ਚਲਾਉਣ ਲਈ ਅਧਿਕਿ੍ਤ ਕਰਦਾ ਵੈਧ ਦਸਤਾਵੇਜ਼ ਨਹੀ ਹੈ ਉਸ ਸਮੇਂ ਤੱਕ ਤੁਸੀ ਵਾਹਨ ਨਹੀ ਚਲਾ ਸਕਦੇ।

5. ਤੁਹਾਡੇ ਦੁਆਰਾ ਇਕ ਵਾਰ ਗਿਆਨ ਦੇ ਟੈਸਟ ਨੂੰ ਪਾਸ ਕਰਨ ਦੇ ਬਾਅਦ ਕੀ ਹੁੰਦਾ ਹੈ?
   - ਤੁਹਾਡੇ ਦੁਆਰਾ ਗਿਆਨ ਦਾ ਟੈਸਟ ਪਾਸ ਕਰੁਨ ਦੇ ਬਾਅਦ, ਤੁਹਾਨੂੰ ਆਪਣੇ ਲਾਇਸੈਂਸ ਦੇ ਦਸਤਾਵੇਜ਼ ਨੂੰ ਪ੍ਰਾਪਤ ਕਰਨ ਲਈ ਵਾਪਸ ਖਿੜਕੀ ਤੇ ਆਉਣਾ ਚਾਹੀਦਾ ਹੈ। ਇਸ ਗੱਲ ਦੀ ਤਸਦੀਕ ਕਰੋ ਕਿ ਤੁਹਾਡੇ ਲਾਈਸੈਂਸਿੰਗ ਦਸ੍ਤਾਵੇਜ਼ ਉੱਪਰ ਛਾਪੀ ਗ੍ਈ ਸਾਰੀ ਜਾਣਕਾਰੀ (ਉਦਾਹਰਣ ਦੇ ਤੌਰ ਤੇ ਨਾਮ ਅਤੇ ਪਤਾ) ਸਹੀ ਹੈ ਅਤੇ ਤੁਸੀ ਡਿਪਾਰਟਮੈਂਟ ਆਫ ਮੋਟਰ ਵਹੀਕਲਜ਼ ਪਰ੍ਤੀਨਿਧੀ ਦੀ ਖਿੜਕੀ ਨੂੰ ਛੱਡਣ ਤੋ੍ ਪਹਿਲਾਂ ਦਸਤਾਵੇਜ਼ ਦੇ ਮੁਹਰਲੇ ਪਾਸੇ ਮੁਹਈਆ ਕਰਵਾਈ ਗਈ ਥਾਂ ਤੇ ਦਸਤਖਤ ਕਰਦੇ ਹੋ।
   - ਜੇ ਤੁਹਾਨੂੰ ਅੰਤਰਿਮ ਜਾਂ ਆਰਜ਼ੀ ਡਰਾਈਵਰ ਲਾਈਸੈਂਸ ਜਾਰੀ ਕੀਤਾ ਗਿਆ ਹੈ, ਤੁਹਾਨੂੰ ਡਰਾਈਵਿੰਗ ਟੈਸਟ ਦੇਣ ਦੀ ਜ਼ਰੂਰਤ ਨਹੀ ਹੈ।
   - ਜੇ ਤੁਹਾਨੂੰ ਡਰਾਇਵਰ ਪਰਮਿਟ ਜਾਰੀ ਕੀਤਾ ਗਿਆ ਹੈ ਤਾਂ ਇਸਨੂੰ ਧਿਆਨ ਨਾਲ ਪੜਹ੍ੋ ਤਾਂ ਜੋ ਤੁਸੀ ਡਰਾਈਵਿੰਗ ਦੀਆਂ ਉਨਹ੍ਾਂ ਰੋਕਾਂ ਨੂੰ ਸਮਝਦੇ ਹੋ ਜੋ ਲਾਗੂ ਹੁੰਦੀਆਂ ਹਨ।

ਨੋਟ ਕਰੋ : ਪਰ੍ਵਾਵਧਾਨਿਕ ਪਰਮਿਟ ਉਸ ਸਮੇਂ ਤੱਕ ਲਾਗੂ ਨਹੀ ਹੁੰਦਾ ਜਦੋਂ ਤੱਕ ਤੁਸੀ ਸਟੇਅਰਿੰਗ ਤੇ ਬੈਠ ਕੇ ਲਈਆਂ ਜਾਣ ਵਾਲੀਆਂ ਡਰਾਈਵਿੰਗ ਕਲਾਸਾਂ ਨਹੀ ਲਗਾਉਦੇ ਅਤੇ ਤੁਹਾਡੇ ਪਰਮਿਟ ਤੇ ਕਿਸੇ ਇੰਸਟਰ੍ਕਟਰ ਦੇ ਦਸਤਖਤ ਨਹੀ ਹੁੰਦੇ ਜਾਂ ਜਦੋਂ ਤੱਕ ਤੁਸੀ 17½ ਸਾਲ ਦੇ ਨਹੀ ਹੁੰਦੇ।

6. ਆਪਣੇ ਆਪ ਨੂੰ ਡਰਾਈਵਿੰਗ ਟੈਸਟ ਲਈ ਤਿਆਰ ਕਰਨਾ
   - ਭਾਵੇਂ ਕਿ ਤੁਸੀ ਪਹਿਲਾਂ ਵਾਹਨ ਚਲਾਇਆ ਹੈ, ਡਰਾਈਵਿੰਗ ਟੈਸਟ ਦੀ ਮੁਲਾਕਾਤ ਤੋਂ ਪਹਿਲਾਂ ਡਰਾਈਵਿੰਗ ਦਾ ਅਭਿਆਸ ਕਰ ਲੈਣਾ ਇਕ ਚੰਗਾ ਵਿਚਾਰ ਹੈ। ਵਧੇਰੇ ਜਾਣਕਾਰੀ ਲਈ ਆਪਣੇ ਡਰਾਈਵਿੰਗ ਟੈਸਟ ਲਈ ਤਿਆਰੀ ਕਰਨੀ (*Preparing for Your Driving Test*, FFDL 22) ਤੇਜ਼ ਤੱਥ ਕੁਝ ਤੱਥ ਬਰੋਸ਼ਰ ਦੇਖੋ। ਕਮਰਸ਼ੀਅਲ ਡਰਾਈਵਰ, ਕੈਲੀਫੋਰਨੀਆ ਕਮਰਸ਼ੀਅਲ ਡਰਾਈਵਰ ਹੈਂਡਬੁੱਕ (*California Commercial Driver Handbook*) ਵਿਚ ਦਿੱਤੀਆਂ ਜ਼ਰੂਰਤਾਂ ਨੂੰ ਦੇਖੋ।
   - ਸਟੇਅਰਿੰਗ ਤੇ ਬੈਠ ਦੇ ਦਿੱਤੇ ਜਾਣ ਵਾਲੇ ਟੈਸਟ ਕੇਵਲ ਮੁਲਾਕਾਤ ਨਿਰਧਾਰਤ ਕਰਨ ਤੇ ਉਪਲੱਬਧ ਹੁੰਦੇ ਹਨ। ਜਦੋਂ ਤੁਸੀ ਤਿਆਰ ਹੋ ਜਾਓ ਤਾਂ **dmv.ca.gov** ਤੇ ਜਾਂ 1-800-777-0133 ਤੇ ਕਾੱਲ ਕਰਕੇ ਆਪਣੀ ਮੁਲਾਕਾਤ ਨਿਰਧਾਰਤ ਕਰੋ।
   - ਪਾਸ ਨਹੀ ਹੋਏ? ਚਿੰਤਾ ਨਾ ਕਰੋ। ਇਸ ਕ੍ਦਮ ਦੀ ਦੁ੍ਹਰਾਈ ਲ੍ਈ ਤੁਸੀ ਮੁ੍ਲਾਕਾਤ ਨਿ੍ਰਧਾਰਿਤ ਕ੍ਰ ਸਕਦੇ ਹੋ। ਪਰ੍ਵਾਵਧਾਨਿਕ ਦਰਖਾਸਤਕਰਤਾਵਾਂ ਨੂੰ ਮੁੜ ਟੈਸਟ ਦੇਣ ਤੋ੍ ਪਹਿਲਾਂ 2 ਹੁ੍ਫ਼ਤੇ ਜ਼ਰੂਰ ਇੰਤਜ਼ਾਰ ਕਰਨਾ ਚਾਹ੍ੀਦਾ ਹੈ।
   - ਦੁਬਾਰਾ ਟੈਸਟ ਦੇਣਮੈਂਟ ਆਫ ਮੋਟਰ ਵਹੀਕਲਜ਼ ਦੀ ਵੈਬ